# ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਸਾਹਿਤ ਅਧਿਐਨ ਕਿਉਂ ਤੇ ਕਿਵੇਂ ’ਤੇ ਕਰਵਾਇਆ ਗਿਆ ਵਿਸ਼ੇਸ਼ ਸੈਮੀਨਾਰ

ਨਵੰਬਰ 2, 2018 ਅੰਮ੍ਰਿਤਸਰ     ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਅੰਜਰੇਜ਼ੀ ਵਿਭਾਗ ਵੱਲੋਂ ਅੱਜ ਸਾਹਿਤ ਅਧਿਐਨ ਕਿਉਂ ਤੇ ਕਿਵੇਂ ਦੇ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਅੰਜਰੇਜ਼ੀ ਕਲਚਰਲ ਸਟੱਡੀਜ਼ ਵਿਭਾਗ ਦੇ ਉੱਘੇ ਵਿਦਵਾਨ ਪ੍ਰੋ. ਡਾ. ਅਨਿਲ ਕੁਮਾਰ ਰਇਨਾ ਨੇ ਮੁੱਖ ਪ੍ਰਵਕਤਾ ਦੇ ਤੌਰ ਤੇ ਸ਼ਿਰਕਤ ਕੀਤੀ ਅਤੇ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਭੂਮਿਕਾ ਨਿਭਾਈ।

ਸੈਮੀਨਾਰ ਦਾ ਆਗਾਜ਼ ਕਾਲਜ ਸ਼ਬਦ ਨਾਲ ਕੀਤਾ ਗਿਆ। ਪ੍ਰੋ. ਸੁਖਮੀਨ ਬੇਦੀ ਡੀਨ ਅਕਾਦਮਿਕ ਮਾਮਲੇ ਅਤੇ ਵਿਭਾਗ ਮੁਖੀ ਨੇ ਮਹਿਮਾਨਾਂ ਨੂੰ ਪੌਦੇ ਦੇ ਕੇ ਉਹਨਾਂ ਦਾ ਸਵਾਗਤ ਕੀਤਾ  ਅਤੇ ਪ੍ਰੋ. ਅਨਿਲ ਕੁਮਾਰ ਰਾਇਨਾ ਦੀ ਰਸਮੀ ਜਾਣ ਪਹਿਚਾਣ ਕਰਵਾਈ। ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸਾਹਿਤ ਦੀ ਸਮਾਜ ਵਿਚ ਜਰੂਰਤ ਤੇ ਜੋਰ ਦਿੰਦਿਆਂ ਸਾਹਿਤ ਵਿਚਲੇ ਲੁੱਕਵੇਂ ਅਰਥ ਲੱਭਣ ਦੀ ਵਿਧੀ-ਵਿਧਾਂਤ ਤੇ ਚਾਨਣਾ ਪਾਇਆ।

ਪ੍ਰੋ. ਅਨਿਲ ਕੁਮਾਰ ਨੇ ਆਪਣੇ ਭਾਸ਼ਣ ਵਿਚ ਸਾਹਿਤ ਦੇ ਭਿੰਨ-ਭਿੰਨ ਉਦੇਸ਼ਾਂ ਤੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਦੱਸਿਆ ਕਿ ਸਾਹਿਤ ਸਾਨੂੰ ਸੱਚ ਤੋ ਜਾਣੂ ਕਰਵਾਉਣ ਅਤੇ ਜਾਣਕਾਰੀ ਦੇਣ ਦੇ ਨਾਲ-ਨਾਲ ਕਿਸੇ ਦੇ ਦੁੱਖ ਨੂੰ ਆਪਣਾ ਸਮਝਣ ਦੇ ਯੋਗ ਬਣਾਉਦਾ ਹੈ। ਇਹ ਨੈਤਿਕਤਾ ਨੂੰ ਉੱਪਰ ਚੁੱਕਣ ਦੇ ਨਾਲ, ਸਿਆਸੀ ਪਸਾਰਾ ਜਿਨ੍ਹਾਂ ਵਿਚ ਏਕਾਅਧਿਕਾਰ ਪੈਦਾ ਕਰਨ ਅਤੇ ਉਸ ਨੂੰ ਤੋੜਨ ਦੇ ਸਾਧਣ ਹੋਣ ਦੇ ਨਾਲ-ਨਾਲ ਸਮਾਜ  ਨੂੰ ਵੱਡੇ ਪੱਧਰ ਤੇ ਪ੍ਰਭਾਵਿਤ ਕਰਨ ਵਾਲੀਆਂ ਦੇ ਤਾਕਤਾਂ ਤੋ ਮੁਖਾਤਿਬ ਕਰਵਾਉਂਦਾ ਅਤੇ ਮਨੁੱਖ ਜਾਤੀ ਨੂੰ ਕਲਿਆਣਕਾਰੀ ਬਣਨ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਨੇ ਸਾਹਿਤ ਨੂੰ ਪੜਨ ਦੇ ਵਿਧੀ ਵਿਧਾਂਤ ਤੇ ਚਾਨਣਾ ਪਾਉਦਿਆਂ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ।

ਅੰਤ ਵਿਚ ਪ੍ਰੋ. ਪਰਨੀਤ ਕੌਰ ਢਿੱਲੋਂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਪ੍ਰੋ. ਵਿਜੇ ਬਰਨਾਡ ਨੇ ਕੀਤਾ। ਇਸ ਮੌਕੇ ਤੇ ਪ੍ਰੋ. ਅਨੁਪਮ ਸੰਧੂ, ਪ੍ਰੋ. ਸੁਪਨਿੰਦਰਜੀਤ ਕੋਰ, ਪ੍ਰੋ. ਮਲਕਿੰਦਰ ਸਿੰਘ, ਪ੍ਰੋ. ਦਲਜੀਤ ਸਿੰਘ, ਪ੍ਰੋ. ਮਮਤਾ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਹਰਸ਼ ਸਲਾਰੀਆ, ਪ੍ਰੋ. ਸੌਰਵ, ਪ੍ਰੋ. ਹਰਜਿੰਦਰ ਕੌਰ ਆਦਿ ਹਾਜ਼ਰ ਸਨ।